## ਖੋਜ ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ

ਖੋਜ ਤੁਹਾਡੀ ਅਤੇ ਤੁਹਾਡੇ ਸਕੇ-ਸਬੰਧੀਆਂ ਦੀ ਸਿਹਤ ਵਿੱਚ ਸੁਧਾਰ ਕਰ ਸਕਦੀ ਹੈ। ਇਹ ਡਾਕਟਰਾਂ ਤੇ ਸਾਇੰਸਦਾਨਾਂ ਦੀ ਮਦਦ ਵੀ ਕਰਦੀ ਹੈ ਤਾਂ ਕਿ ਉਹ ਰੋਗ ਨੂੰ ਚੰਗੀ ਤਰ੍ਹਾਂ ਸਮਝ ਸਕਣ, ਬਿਮਾਰੀ ਦੀ ਰੋਕਥਾਮ ਕਰ ਸਕਣ ਤੇ ਬਿਮਾਰੀ ਦਾ ਇਲਾਜ ਕਰਨ ਵੇਲੇ ਫ਼ੈਸਲਾ ਕਰ ਸਕਣ ਕਿ ਕਿਹੜੀ ਦਵਾਈ ਕਿਹੜੇ ਮਰੀਜ਼ ਲਈ ਕਾਰਗਰ ਸਿੱਧ ਹੋ ਸਕਦੀ ਹੈ। ਖੋਜ ਦੇ ਨਤੀਜੇ ਮਹੱਤਵਪੂਰਨ ਹੁੰਦੇ ਹਨ ਤੇ ਹੇਠਾਂ ਦਿੱਤੇ ਢੰਗ ਤਰੀਕਿਆਂ ਨਾਲ ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਣ ਵਿੱਚ ਕਾਮਯਾਬ ਹੁੰਦੇ ਹਨ:

* ਕੈਂਸਰ, ਸ਼ੂਗਰ, ਐੱਚ.ਆਈ.ਵੀ., ਦਿਲ ਦੇ ਰੋਗ ਅਤੇ ਦੂਜੇ ਹਾਲਾਤਾਂ ਵਿਚ
* ਲਾਗਦਾ ਰੋਗ ਫੈਲਣ ਤੋਂ ਲੱਗਣ ਵਾਲੇ ਟੀਕੇ
* ਤੰਬਾਕੂਪੀਣ ਤੋਂ ਰੋਕ ਥਾਮ ਕਰਨ ਦੀਆਂ ਨੀਤੀਆਂ
* ਉਹ ਮਸ਼ੀਨਾਂ ਜਿਹੜੀਆਂ ਰੋਗ ਦੀ ਸਹੀ ਪਛਾਣ ਵਿੱਚ ਡਾਕਟਰਾਂ ਦੀ ਮਦਦ ਕਰਦੀਆਂ ਹਨ

ਕਲੀਨੀਕਲ ਅਜ਼ਮਾਇਸ਼ ਨਵੇਂ ਇਲਾਜ ਦੇ ਵਿਕਾਸ ਤੇ ਅਜਿਹੇ ਰੋਗਾਂ ਨਾਲ ਲੜਨ ਵਿੱਚ ਮਦਦ ਕਰਦੀ ਹੈ ਜੋ ਸਾਡੇ ਸਮਾਜ ਉੱਤੇ ਆਪਣਾ ਮਾੜਾ ਪ੍ਰਭਾਵ ਪਾ ਰਹੇ ਹਨ। - ਸ਼ਰਲੀ ਮਿੱਲਰ

ਅਸੀਂ ਸਾਰੇ ਬਿਹਤਰ ਦੇਖਭਾਲ ਦੇ ਹੱਕਦਾਰ ਹਾਂ ਅਤੇ ਕਲੀਨਿਕਲ ਅਜ਼ਮਾਇਸ਼ ਵਿਚ ਭਾਗ ਲੈਕੇ ਅਸੀਂ ਇਸ ਹੱਕ ਨੂੰ ਲੈਣ ਦੇ ਨਜ਼ਦੀਕ ਪਹੁੰਚ ਸਕਦੇ ਹਾਂ।

- ਕਿਉਨਯਾਰਡੋ ਮੈਕਲੇਨ

This translation may not be accurate and has not been approved by FDA, please refer to the original English brochure for the most accurate information.

**Brochure Translated by Dr. Tarshinder Kaur**

Sikhs in Clinical Research

## ਤੁਸੀਂ ਇਸ ਖੋਜ ਵਿੱਚ ਇਕ ਪ੍ਰਤੀਭਾਗੀ ਦੇ ਰੂਪ ਵਿੱਚ ਕਿੰਝ ਸ਼ਾਮਲ ਹੋ ਸਕਦੇ ਹੋ



ਤੁਹਾਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਨੂੰ ਪੁੱਛੋ ਕਿ ਕੀ ਕੋਈ ਅਜਿਹਾ ਖੋਜ ਕਾਰਜ ਹੈ ਜੋ ਤੁਹਾਡੇ ਕੇਸ ਵਿਚ ਢੁੱਕਵਾਂ ਹੋਵੇ? ਤੁਸੀਂ ਆਪਣੇ ਇਲਾਕੇ ਵਿਚ ਹੋ ਰਹੀਆਂ ਕਲੀਨਿਕਲ ਅਜਮਾਇਸ਼ਾਂ ਨੂੰ www.clinicaltrials.gov ਤੇ ਵੀ ਲੱਭ ਸਕਦੇ ਹੋ ।

**ਹੋਰਜਾਣਕਾਰੀ ਲਈ ਸੰਪਰਕ ਕਰੋ:**

www.clinicaltrials.gov
www.fda.gov/healthequity
healthequity@fda.hhs.gov
1-888-INFO-FDA
(1-888-463-6332)
@FDAHealthEquity

FDA U.S. FOOD & DRUG ADMINISTRATION

# ਖੋਜ ਨੂੰ ਤੁਹਾਡੀ ਲੋੜ ਹੈ



FDA

ਐਫ.ਡੀ.ਏ. ਘੱਟ ਗਿਣਤੀਆਂ ਦਾ ਦਫ਼ਤਰ ਸਿਹਤ ਤੇ ਸਿਹਤ ਨਿਰਪੱਖਤਾ

# ਕਲੀਨੀਕਲ ਅਜ਼ਮਾਇਸ਼ ਕੀ ਹੈ



ਕਲੀਨੀਕਲ ਅਜ਼ਮਾਇਸ਼ ਇੱਕ ਤਰ੍ਹਾਂ ਦਾ ਖੋਜ ਕਾਰਜ ਹੈ ਜਿਸ ਵਿੱਚ ਸਵੈ ਇੱਛੁਕ ਮਨੁੱਖ ਦਵਾਈਆਂ ਟੀਕਿਆਂ ਤੇ ਡਾਕਟਰੀ ਸੰਦਾਂ ਨੂੰ ਸੁਰੱਖਿਅਤ ਤੇ ਵਧੀਆ ਪ੍ਰਭਾਵਾਂ ਲਈ ਪਰਖਣ ਵਿੱਚ ਸਵੈ-ਇੱਛਾ ਨਾਲ ਸ਼ਾਮਲ ਹੁੰਦੇ ਹਨ। ਇਹ ਅਧਿਐਨ ਇਹ ਵੀ ਨਿਰਧਾਰਤ ਕਰਦਾ ਹੈ ਕਿ ਕਿਹੜੇ ਸਿਹਤ ਸਾਧਨ ਤੇ ਇਲਾਜ ਪ੍ਰਣਾਲੀਆਂ ਖ਼ਾਸ ਕਿਸਮ ਦੀ ਬਿਮਾਰੀ ਵਾਲੇ ਲੋਕਾਂ ਜਾਂ ਲੋਕਾਂ ਦੀ ਖਾਸ ਸ਼੍ਰੇਣੀ ਲਈ ਕਾਰਗਰ ਸਿੱਧ ਹੋਣਗੀਆਂ। ਖੋਜਾਰਥੀਆਂ ਨੂੰ ਅਜ਼ਮਾਇਸ਼ਾਂ ਕਰਨ ਦੌਰਾਨ ਐਫ. ਡੀ. ਏ. ਦੇ ਸੁਰੱਖਿਆ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਇਆ ਸਾਰੇ ਇਲਾਜ ਦੌਰਾਨ ਸਖਤ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ।

**ਕਲੀਨੀਕਲ ਅਜ਼ਮਾਇਸ਼ ਹਮੇਸ਼ਾਂ ਸਵੈ ਇੱਛੁਕ ਹੁੰਦੀ ਹੈ**

ਸਿਹਤਮੰਦ ਸਵੈ ਇੱਛੁਕਾਂ ਤੇ ਰੋਗਾਂ ਦਾ ਸਾਹਮਣਾ ਕਰ ਰਹੇ ਸਵੈ-ਇੱਛੁਕਾਂ ਨੂੰ ਵਿਭਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਲੋੜ ਹੁੰਦੀ ਹੈ।

ਕਲੀਨੀਕਲ ਅਜ਼ਮਾਇਸ਼ਾਂ ਕਈ ਸਥਾਨਾਂ ਤੇ ਕੀਤੀਆਂ ਜਾਂਦੀਆਂ ਹਨ। ਇਹ ਲੰਬੀਆਂ ਵੀ ਹੋ ਸਕਦੀਆਂ ਹਨ ਅਤੇ ਛੋਟੀਆਂ ਵੀ। ਵਿਭਿੰਨ ਤਰ੍ਹਾਂ ਦੀਆਂ ਕੀਤੀਆਂ ਜਾਂਦੀਆਂ ਕਲੀਨੀਕਲ ਅਜ਼ਮਾਇਸ਼ਾਂ ਇਸ ਗੱਲ ਉੱਤੇ ਨਿਰਭਰ ਕਰਦੀਆਂ ਹਨ ਕਿ ਖੋਜਾਰਥੀ ਕਿਸ ਗੱਲ ਦਾ ਅਧਿਐਨ ਕਰ ਰਹੇ ਹਨ? ਉਦਾਹਰਣ ਵਜੋਂ ਹੋ ਸਕਦਾ ਹੈ ਕਿ ਪ੍ਰਤੀਭਾਗੀਆਂ ਨੂੰ ਕਿਸੇ ਇਲਾਜ ਵਿੱਚ ਹਿੱਸਾ ਲੈਣਾ ਪਵੇ, ਉਨ੍ਹਾਂ ਨੂੰ ਵਿਹਾਰ ਵਿੱਚ ਬਦਲਾਅ ਲਈ ਕਿਹਾ ਜਾਵੇ ਜਾਂ ਉਨ੍ਹਾਂ ਦੀ ਸਿਹਤ ਵਿੱਚ ਹੋਣ ਵਾਲੇ ਬਦਲਾਅ ਉੱਤੇ ਨਜ਼ਰ ਰੱਖਣ ਲਈ ਕਿਹਾ ਜਾਵੇ।

# ਤੁਹਾਨੂੰ ਸਵੈ- ਇੱਛਕ ਬਣਕੇ ਇਸ ਵਿੱਚ ਸ਼ਾਮਲ ਹੋਣ ਦੀ ਲੋੜ ਕਿਉਂ ਹੈ



ਮਰੀਜ਼ਾਂ ਦੀ ਸਹੀ ਪ੍ਰਤੀਨਿਧਤਾ ਕਰਨ ਲਈ ਖੋਜ ਅਧਿਐਨਾਂ ਨੂੰ ਸਾਰੀਆਂ ਨਸਲਾਂ ਤੇ ਵਿਭਿੰਨ ਸਿਹਤ ਸਾਧਨਾਂ ਤੇ ਸਿਹਤ ਪ੍ਰਣਾਲੀਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਲੋੜ ਹੁੰਦੀ ਹੈ।

**ਸਵੈਇੱਛੁਕ ਬਣਨ ਲਈ ਤੁਸੀਂ ਕੀ ਕਰ ਸਕਦੇ ਹੋ :**

* ਖੋਜਾਰਥੀਆਂਨੂੰ ਇਹ ਲੱਭਣ ਵਿੱਚ ਮਦਦ ਕਰ ਸਕਦੇ ਹੋ ਕਿ ਲੋਕ ਦਵਾਈਆਂ ਕਿੰਝ ਲੈਂਦੇ ਹਨ ਅਤੇ ਕਿੰਝ ਉਹ ਸੁਰੱਖਿਅਤ ਹੋ ਸਕਦੀਆਂ ਹਨ।
* ਖੋਜਾਰਥੀਆਂ ਦੀ ਇਸ ਗੱਲ ਵਿੱਚ ਮਦਦ ਕਰ ਸਕਦੇ ਹੋ ਕਿ ਲੋਕ ਉਸ ਬਿਮਾਰੀ ਨਾਲ ਲੜਨ ਤੇ ਉਸ ਦੀ ਰੋਕਥਾਮ ਕਰ ਸਕਣ ਦੇ ਸਮਰੱਥ ਹੋਣ ਜੋ ਬਿਮਾਰੀ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਭਵਿੱਖ ਵਿੱਚ ਪ੍ਰਭਾਵਤ ਕਰ ਸਕਦੀ ਹੈ।
* ਤੁਸੀਂ ਆਪਣੀ ਤੇ ਆਪਣੇ ਪਿਛੋਕੜ ਵਾਲੇ ਹੋਰ ਲੋਕਾਂ ਦੀ ਸਿਹਤ ਤੇ ਇਲਾਜ ਵਿੱਚ ਮਦਦ ਕਰ ਸਕਦੇ ਹੋ, ਜੋ ਤੁਹਾਨੂੰ ਸਿਹਤਮੰਦ ਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰਨ ਵਿੱਚ ਸਹਾਈ ਸਿੱਧ ਹੋਵੇਗੀ।

**ਕਲੀਨੀਕਲ ਅਜ਼ਮਾਇਸ਼ਾਂ ਵਿੱਚ ਵਿਭਿੰਨਤਾ ਸਿਹਤ ਸਹੂਲਤਾਂ ਵਿੱਚ ਨਿਰਪੱਖਤਾ ਦੀ ਕੁੰਜੀ ਹੈ।**

# ਕਿਹੜੇ ਖ਼ਤਰੇ ਹੋ ਸਕਦੇ ਹਨ

ਇਸ ਤੋਂ ਪਹਿਲਾਂ ਕਿ ਤੁਸੀਂ ਸਵੈ- ਇੱਛਾ ਨਾਲ ਇਹ ਸੇਵਾ ਕਰੋ, ਕਾਨੂੰਨ ਮੁਤਾਬਕ ਖੋਜ ਟੀਮ ਲਈ ਇਹ ਜ਼ਰੂਰੀ ਹੈ ਕਿ ਅਜ਼ਮਾਇਸ਼ ਪ੍ਰਤੀ ਸਾਰੇ ਤੱਥ ਤੁਹਾਨੂੰ ਦੱਸੇ। ਉਹ ਤੁਹਾਨੂੰ ਉਹ ਹਰ ਗੱਲ ਦੱਸਣਗੇ, ਜੋ ਤੁਹਾਡੇ ਲਈ ਜਾਣਨੀ ਜ਼ਰੂਰੀ ਹੋਵੇਗੀ ਤਾਂ ਕਿ ਤੁਸੀਂ ਫ਼ੈਸਲਾ ਲੈ ਸਕੋ ਕਿ ਤੁਸੀਂ ਇਸ ਦਾ ਹਿੱਸਾ ਬਣਨਾ ਹੈ ਕਿ ਨਹੀਂ। ਇਹ ਦਰਸਾਉਣ ਲਈ ਕਿ ਤੁਸੀਂ ਇਸ ਅਜ਼ਮਾਇਸ਼ ਵਿੱਚ ਭਾਗ ਲੈ ਰਹੇ ਹੋ ਤੇ ਇਸ ਦੌਰਾਨ ਹੋਣ ਵਾਲੇ ਨੁਕਸਾਨ ਫ਼ਾਇਦਿਆਂ ਤੇ ਤੁਹਾਡੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਨਾਲ ਸਬੰਧਤ ਇੱਕ ਸਹਿਮਤੀ ਫਾਰਮ ਉੱਤੇ ਤੁਹਾਡੇ ਦਸਤਖ਼ਤ ਕਰਵਾਏ ਜਾਣਗੇ। ਇਹ ਕਿਸੇ ਕਿਸਮ ਦਾ ਇਕਰਾਰਨਾਮਾ ਨਹੀਂ ਹੋਵੇਗਾ।

ਹੋ ਸਕਦਾ ਹੈ ਕਿ ਤੁਹਾਡੇ ਉੱਤੇ ਅਜ਼ਮਾਇਆ ਜਾਣ ਵਾਲਾ ਮੈਡੀਕਲ ਉਤਪਾਦ ਨਵਾਂ ਹੋਵੇ। ਇਸ ਲਈ ਇਹਦੇ ਕਰਕੇ ਤੁਹਾਡੇ ਉੱਤੇ ਹੋਣ ਵਾਲੇ ਅਸਰ ਸ਼ਾਇਦ ਇਸ ਤਰ੍ਹਾਂ ਦੇ ਹੋਣ ਜਿਸ ਬਾਰੇ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਨੂੰ ਉਮੀਦ ਨਾ ਹੋਵੇ। ਤੁਹਾਨੂੰ ਇਹ ਵੀ ਦੱਸਿਆ ਜਾਵੇਗਾ ਕਿ ਸੰਕਟਕਾਲ ਵਿੱਚ ਕਿਸ ਨਾਲ ਰਾਬਤਾ ਕਾਇਮ ਕਰਨਾ ਹੈ। ਜੇ ਮੈਡੀਕਲ ਉਤਪਾਦ ਨਾਲ ਨੁਕਸਾਨ ਹੁੰਦਾ ਹੋਇਆ ਤਾਂ ਅਧਿਐਨ ਰੋਕ ਦਿੱਤਾ ਜਾਵੇਗਾ। ਇਕ ਹੋਰ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਤੁਹਾਡੇ ਉੱਤੇ ਅਜ਼ਮਾਇਆ ਜਾ ਰਿਹਾ ਉਤਪਾਦ ਸ਼ਾਇਦ ਕੰਮ ਹੀ ਨਾ ਕਰੇ, ਜਾਂ ਸ਼ਾਇਦ ਤੁਹਾਨੂੰ ਕੰਟਰੋਲ ਗਰੁੱਪ ਵਿੱਚ ਰੱਖਿਆ ਜਾਵੇ। ਕੰਟਰੋਲ ਗਰੁੱਪ ਨੂੰ ਸ਼ਾਇਦ ਮਿਆਰੀ ਇਲਾਜ ਪ੍ਰਦਾਨ ਕੀਤਾ ਜਾਵੇ (ਉਦਾਹਰਣ ਵਜੋਂ ਖੰਡ ਦੀਆਂ ਗੋਲੀਆਂ) ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਧਿਐਨ ਦੇ ਨਤੀਜੇ ਬਿਲਕੁਲ ਸਹੀ ਹੋਣ।

## ਤੁਸੀਂ ਕਿਵੇਂ ਸੁਰੱਖਿਅਤ ਹੋ?

ਤੁਸੀਂ ਕਿਸੇ ਵੀ ਵੇਲੇ, ਕਿਸੇ ਵੀ ਕਾਰਨ ਕਰਕੇ, ਬਿਨਾਂ ਕੋਈ ਹਰਜਾਨਾ ਭਰੇ ਸਿਹਤ ਅਧਿਐਨ ਦਾ ਹਿੱਸਾ ਬਣਨਾ ਛੱਡ ਸਕਦੇ ਹੋ। ਤੁਹਾਡੀ ਸਿਹਤ ਅਤੇ ਤੰਦਰੁਸਤੀ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ। ਅਧਿਐਨ ਉੱਤੇ ਹਮੇਸ਼ਾ ਨਜ਼ਰ ਰੱਖੀ ਜਾਂਦੀ ਹੈ ਕਿ ਜਿੱਥੋਂ ਤਕ ਸੰਭਵ ਹੋ ਸਕੇ ਇਹ ਸੁਰੱਖਿਅਤ ਹੋਵੇ।

ਅਧਿਐਨ ਨਾਲ ਸਬੰਧਤ ਸਾਰੇ ਤੱਥ ਗੁਪਤ ਰੱਖੇ ਜਾਣਗੇ ਤੇ ਸਿਰਫ਼ ਖੋਜ ਕਰਨ ਵਾਲੀ ਟੀਮ ਸਿਹਤ ਸੰਭਾਲ ਪ੍ਰਦਾਨਕ ਅਤੇ ਐੱਫ.ਡੀ.ਏ. ਹੀ ਇਸ ਨੂੰ ਵੇਖ ਸਕਣਗੇ।

This translation may not be accurate and has not been approved by FDA, please refer to the original English brochure for the most accurate information.

**Brochure Translated by Dr Tarshinder Kaur**

Sikhs in Clinical Research